੦੩੬

ਸ਼ਬਦ

(ਲੇਖਕ: ਬਲਵਿੰਦਰ ਸਿੰਘ)

ਵਾਹਿਗੁਰੂ ਦੇ ਅਨੇਕ ਨਾਮ ਹਨ ਅਤੇ ਅਨੰਤ ਰੂਪ। ਉਹ ਜਲ ਥਲ ਮਹੀਅਲ ਸਭਨੀ ਥਾਈਂ ਵਿਦਮਾਨ ਹੈ। ਜਦੋਂ ਇਹ ਆਕਾਰ ਨਹੀਂ ਸਨ ਬਣੇ, ਗਰਦ ਗ਼ੁਬਾਰ, ਧੁੰਦੂਕਾਰ, ਅੰਧਕਾਰ ਜਾਂ ਉਸ ਤੋਂ ਵੀ ਪਹਿਲਾਂ, ਹੋਰ ਕੁੱਝ ਵੀ ਨਹੀਂ ਸੀ ਤਾਂ ਸ਼ਬਦ ਉਦੋਂ ਵੀ ਮੌਜੂਦ ਸੀ। ਨਿਰੰਕਾਰ ਵਾਹਿਗੁਰੂ ਦਾ ਇਹ ਸਰੂਪ ਸ਼ਬਦ ਰੂਪ ਹੈ। ਸ਼ਬਦ ਤੋਂ ਹੀ ਸਾਰੀ ਉਤਪੱਤੀ ਉਪਜੀ ਹੈ।

ਸ਼ਬਦ ਨੇ ਸ੍ਰਿਸ਼ਟ ਸਿਰਜੀ ਅਤੇ ਉਸ ਦੀ ਅਗੰਮ ਸ਼ਕਤੀ ਨਾਲ ਬ੍ਰਹਿਮੰਡ ਦਾ ਸੀਮਾ-ਰਹਿਤ ਪਾਸਾਰਾ ਬਣਿਆ। ਉਸ ਪਾਸਾਰੇ ਤੇ ਉਤਪੱਤੀ ਵਿੱਚੋਂ ਹੀ ਇੱਕ ਉਤਪੱਤੀ ਮਨੁੱਖ ਹੈ। ਇਹ ਹੋਰ ਉਪਜੀਆਂ ਵਸਤਾਂ ਦੇ ਵਿੱਚ ਹੀ ਰੁੱਝ ਕੇ ਰਹਿ ਗਿਆ। ਉਨ੍ਹਾਂ ਦਾ ਝੱਸ ਤੇ ਸਵਾਦ ਇਸ ਨੂੰ ਪੈ ਗਿਆ। ਕੁੱਝ ਕੁ ਨੂੰ ਸੋਝੀ ਆਈ, ਜਿਨ੍ਹਾਂ ਨੇ ਮਨ ਨੂੰ ਜਿੱਤਿਆ ਅਤੇ ਉਸ ਨਾਲ ਉਨ੍ਹਾਂ ਨੂੰ ਰਿਧੀ ਸਿਧੀ ਪ੍ਰਾਪਤ ਹੋ ਗਈ। ਉਨ੍ਹਾਂ ਦੇ ਕਹੇ ਮੁਤਾਬਕ ਉਨ੍ਹਾਂ ਨੂੰ ਪ੍ਰਾਪਤੀਆਂ ਹੋਣੀਆਂ ਸ਼ੁਰੂ ਹੋ ਗਈਆਂ। ਇਹੋ ਜਿਹੇ ਸਾਧਕਾਂ ਨੂੰ ਰਿਧ ਸਿਧ ਦਾ ਸਵਾਦ ਪੈ ਗਿਆ। ਉਹ ਅਕਾਲ ਪੁਰਖ ਦੇ ਭਾਣੇ ਤੋਂ ਹਟ ਕੇ ਆਪਣੇ ਭਾਣੇ ਵਿੱਚ ਚੱਲਣ ਲੱਗ ਪਏ। ਇਹ ਦਸ਼ਾ ਗੁਰਸਿੱਖਾਂ ਤੇ ਗੁਰਮੁੱਖਾਂ ਦੀ ਨਹੀਂ ਹੈ। ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ ਕਿ ਵਾਹਿਗੁਰੂ ਨੇ ਕ੍ਰਿਪਾ ਕਰਕੇ ਸ਼ਕਤੀ ਬਖ਼ਸ਼ੀ, ਭੰਡਾਰੇ ਪ੍ਰਦਾਨ ਕੀਤੇ, ਪਰ ਮਨੁੱਖ ਉਨ੍ਹਾਂ ਵਿੱਚ ਹੀ ਰਹਿ ਗਿਆ। ਮਨੁੱਖ ਉਨ੍ਹਾਂ ਵਿੱਚ ਹੀ ਗ਼ਲਤਾਨ ਹੋ ਗਿਆ। ਜਿਨ੍ਹਾਂ ਨੂੰ ਕੁੱਝ ਪਤਾ ਲੱਗਾ ਸੀ, ਉਹ ਰਿਧੀ ਦੇ ਸੁਆਦ ਵਿੱਚ ਮਗਨ ਹੋ ਗਏ। **"ਰਿਧਿ ਸਿਧਿ ਅਵਰਾ ਸਾਦ"** ਹੈ, ਸ਼ਬਦ ਦੇ ਪੁਜਾਰੀਆਂ ਦਾ ਨਹੀਂ। ਸ਼ਬਦ ਦਾ ਸੁਆਦ ਵਾਹਿਗੁਰੂ ਸ਼ਬਦ ਦੇ ਸੇਵਕਾਂ ਨੂੰ ਹੀ ਹੈ।

ਸੇਵਕ ਸੇਵ ਕਰਹਿ ਸਭਿ ਤੇਰੀ ਜਿਨ ਸਬਦੈ ਸਾਦੁ ਆਇਆ॥
ਗੁਰ ਕਿਰਪਾ ਤੇ ਨਿਰਮਲੁ ਹੋਆ ਜਿਨਿ ਵਿਚਹੁ ਆਪੁ ਗਵਾਇਆ॥
ਅਨਦਿਨੁ ਗੁਣ ਗਾਵਹਿ ਨਿਤ ਸਾਚੇ ਗੁਰ ਕੈ ਸਬਦਿ ਸੁਹਾਇਆ॥ (੫੯੯)

ਗੁਰੂ ਕਿਰਪਾ ਦੁਆਰਾ ਮਨ ਨਿਰਮਲ ਹੋਣ ਤੇ ਹਉਮੈ ਮੁੱਕ ਜਾਂਦੀ ਹੈ। ਆਪਾ ਪ੍ਰਧਾਨ ਨਹੀਂ ਰਹਿੰਦਾ ਅਤੇ ਫਿਰ ਉਹ ਦਿਨ ਰਾਤ ਵਾਹਿਗੁਰੂ ਦੇ ਗੁਣ ਗਾਉਂਦਾ ਰਹਿੰਦਾ ਹੈ। ਗੁਰ ਸ਼ਬਦ ਦੁਆਰਾ ਐਸੀ ਖੂਬਸੂਰਤ ਅਵੱਸਥਾ ਦੀ ਪ੍ਰਾਪਤੀ ਹੁੰਦੀ ਹੈ, ਕਿ ਸ਼ਬਦ ਤੋਂ ਇਲਾਵਾ ਹੋਰ ਕੁੱਝ ਚੰਗਾ ਨਹੀਂ ਲੱਗਦਾ। ਸਭ ਤੋਂ ਉੱਤਮ ਸ਼ਬਦ ਤੇ ਹੋਰ ਬਾਕੀ ਸਭ ਕੁੱਝ ਹੇਠ। ਸ਼ਬਦ ਦੇ ਮੇਚ ਹੋਰ ਕੁੱਝ ਵੀ ਨਹੀਂ ਜਾਪਦਾ।

ਸਤਿਗੁਰ ਦੇ ਸ਼ਬਦ ਤੋਂ ਉਖੜਿਆ ਹੋਇਆ, ਜਨਮ ਜਨਮ ਤੇ ਜੁੱਗ ਜੁੱਗ ਭਰਮਦਾ ਰਹਿੰਦਾ ਹੈ। ਜਦੋਂ ਉਹ ਕ੍ਰਿਪਾ ਕਰਦਾ ਹੈ ਤਾਂ ਸ਼ਬਦ ਦੀ ਬੂਝ ਬੁਝਾ ਦਿੰਦਾ ਹੈ। ਭਾਵ ਸ਼ਬਦ ਜਗਿਆਸੂ ਨੂੰ ਆਪਣੇ ਲਾਗੇ ਕਰ ਲੈਂਦਾ ਹੈ, ਇਹ ਕਾਰਜ ਸਤਿਗੁਰੂ ਆਪ ਹੀ ਕਰਦੇ ਹਨ। ਦੁਨਿਆਵੀ ਮੌਤ ਮਨੁੱਖ ਇੱਕ ਦਿਨ ਵਿੱਚ ਕਈ ਵਾਰ ਮਰਦਾ ਹੈ। ਜਦ ਉਹ ਸ਼ਬਦ ਨਾਲ ਮਰਦਾ ਹੈ ਜਾਂ ਸ਼ਬਦ ਦੁਆਰਾ ਹਉਮੈ ਮਰਦੀ ਹੈ ਤਾਂ ਆਪਾ ਵਿੱਚੋਂ ਮਰਦਾ ਹੈ। ਜਦ ਉਹ ਸ਼ਬਦ ਨਾਲ ਮਰਦਾ ਹੈ, ਉਸ ਤੋਂ ਬਾਅਦ ਫਿਰ ਮਰਨਾ ਨਹੀਂ ਹੁੰਦਾ। ਇਹ ਅਮਰਪਦ ਹੈ, ਜਨਮ ਮਰਨ ਤੋਂ ਰਹਿਤ ਹੋਣ ਵਾਲੀ ਅਵੱਸਥਾ।